**Series FH1EG**

**SET ~ 4**

**ਪ੍ਰਸ਼ਨ ਪੱਤਰ ਕੋਡ**
**Q.P. Code 4**

**ਰੋਲ ਨੰਬਰ**
**Roll No.** | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **8** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **12** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **8** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **12** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

**ਆਮ ਨਿਰਦੇਸ਼ –**

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

- ਇਸ ਪ੍ਰਸ਼ਨ – ਪੱਤਰ ਵਿੱਚ ਕੁੱਲ **ਬਾਰ੍ਹਾਂ (12)** ਪ੍ਰਸ਼ਨ ਹਨ । ਉਹਨਾਂ ਨੂੰ ਦਿੱਤੀਆਂ ਹਦਾਇਤਾਂ ਅਤੇ ਚੋਣ ਅਨੁਸਾਰ ਹੱਲ ਕੀਤਾ ਜਾਵੇ ।
- ਸਾਰੇ ਪ੍ਰਸ਼ਨ ਲਾਜ਼ਮੀ ਹਨ ।
- ਲਿਖਾਈ ਸਾਫ ਅਤੇ ਸ਼ੁੱਧ ਲਿਖੀ ਜਾਵੇ ।
- ਸਹੀ ਪ੍ਰਸ਼ਨ ਨੰ. ਲਿਖ ਕੇ ਉਤਰਾਂ ਨੂੰ ਧਿਆਨ ਨਾਲ ਉੱਤਰ ਸ਼ੀਟ ਤੇ ਲਿਖਿਆ ਜਾਵੇ ।

**General Instructions :**

Read the following instructions carefully and follow :

- This question paper contains **twelve (12)** questios. Attempt questions based on the specific instruction and choice given in the question itself.
- All questions are compulsory
- Writing should be neat and clean.
- Please write down the correct serial number of the question before attempting it.

## ਅਡਵਾਂਸ ਪੜ੍ਹਨ ਕੌਸ਼ਲ

1. ਹੇਠ ਦਿਤੇ ਗਏ ਕਿਸੇ **ਇੱਕ** (any **one**) ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸ ਦਾ ਸਿਰਲੇਖ ਵੀ ਲਿਖੋ : **7 + 1 = 8**

ਜਿੜੇ ਲੋਕ ਇਹ ਸਮਝਦੇ ਹਨ ਕਿ ਅੰਗ੍ਰੇਜ਼ੀ ਨੂੰ ਇਸ ਦੇਸ਼ ਵਿੱਚ ਰੱਖਣ ਲਈ ਇਹ ਜ਼ਰੂਰੀ ਹੈ ਕਿ ਇਸ ਦੁਆਰਾ ਸਾਡਾ, ਸੰਸਾਰ ਦੇ ਗਿਆਨ ਸਾਹਿਤ ਨਾਲ ਸੰਬੰਧ ਜੁੜਦਾ ਹੈ । ਉਨ੍ਹਾਂ ਦੀ ਸੋਚ ਵਿਚ ਭਾਰਤ ਦੀਆਂ ਭਾਸ਼ਾਵਾਂ ਦਾ ਕੰਮ ਕੇਵਲ ਬਾਹਰੋ ਮਾਂਗਵੇਂ ਲਏ ਗਿਆਨ ਨੂੰ ਪਛੜੇ ਗਏ ਲੋਕਾਂ ਤਕ ਪਹੁੰਚਾਉਣਾ ਹੈ, ਨਵਾਂ ਗਿਆਨ ਪੈਦਾ ਕਰਨ ਦਾ ਨਹੀਂ । ਇਹ ਸਾਰੀ ਸੋਚ ਜ਼ਹਿਨੀ ਗੁਲਾਮੀ ਦਾ ਪਤਾ ਦਿੰਦੀਂ ਹੈ ਜਿਹੜੀ ਦੇਸ਼ ਦੇ ਅਜ਼ਾਦ ਹੋਣ ਪਿੱਛੋਂ ਵੀ ਅਜੇ ਤਕ ਉਪਰਲੇ ਵਰਗ ਦੇ ਲੋਕਾਂ ਦੇ ਦਿਲ ਅਤੇ ਦਿਮਾਗ ਉਪਰ ਛਾਈ ਹੋਈ ਹੈ । ਇਸ ਸੰਬੰਧ ਵਿਚ ਦੋ ਗਲਾਂ ਸਪਸ਼ਟ ਰੂਪ ਵਿੱਚ ਸਮਝ ਲੈਣੀਆਂ ਚਾਹੀਦੀਆਂ ਹਨ, ਪਹਿਲੀ ਇਹ ਕਿ ਅੰਗ੍ਰੇਜ਼ੀ ਭਾਰਤ ਵਰਸ਼ ਵਿੱਚ ਆਧੁਨਿਕਤਾ ਦਾ ਹੀ ਮਾਧਿਅਮ ਨਹੀਂ, ਭਾਰਤ ਵਿਚ ਇਹ ਭਾਸ਼ਾ ਪੱਛਮੀਕਰਨ ਦੀ ਭਾਸ਼ਾ ਹੈ । ਭਾਰਤ ਦੇ ਸਭਿਆਚਾਰ ਨੂੰ ਆਧੁਨਿਕ ਬਣਾਉਣ ਦਾ ਮਤਲਬ ਭਾਰਤ ਦੇ ਸਭਿਆਚਾਰ ਦਾ ਅੰਨ੍ਹਾ ਪੱਛਮੀਕਰਨ ਹੀ ਨਹੀਂ ਹੋਣਾ ਚਾਹੀਦਾ ਅਤੇ ਦੂਜੀ ਇਹ ਕਿ ਭਾਰਤ ਦੇ ਸਭਿਆਚਾਰ ਨੂੰ ਆਧੁਨਿਕ ਵਿਗਿਆਨਕ ਯੁੱਗ ਵਿਚ ਲਿਜਾਣ ਦਾ ਕਾਰਜ ਭਾਰਤੀ ਭਾਸ਼ਾਵਾਂ ਨੂੰ ਅੱਜ ਦੇ ਯੁੱਗ ਦੀਆਂ ਲੋੜਾਂ ਦੇ ਅਨੁਕੂਲ ਸੰਸਾਰਕ, ਵਿਗਿਆਨਕ ਤੇ ਆਧੁਨਿਕ ਭਾਸ਼ਾਵਾਂ ਬਣਾਨ ਨਾਲ ਹੀ ਨੇਪਰੇ ਚੜ੍ਹੇਗਾ, ਨਹੀਂ ਤਾਂ ਭਾਰਤ ਪਛੱਮ ਦੀ ਕੋਈ ਨਕਲ ਬਣ ਕੇ ਰਹਿ ਜਾਵੇਗਾ । ਇਨ੍ਹਾਂ ਭਾਸ਼ਾਵਾਂ ਦੀ ਉੱਨਤੀ ਲਈ ਜ਼ਰੂਰੀ ਹੈ ਕਿ ਇਨ੍ਹਾਂ ਭਾਸ਼ਾਵਾਂ ਵਿਚ ਗਿਆਨ, ਵਿਗਿਆਨ, ਵਿਗਿਆਨਕ ਵਿਚਾਰਧਾਰਾ ਅਤੇ ਗਿਆਨ ਪ੍ਰਣਾਲੀ ਦੇ ਆਧਾਰ ਤੇ ਸ਼ਕਤੀਸ਼ਾਲੀ ਬੌਧਿਕ ਪਰੰਪਰਾਵਾਂ ਉਸਾਰੀਆਂ ਜਾਣ ।

**ਜਾਂ (Or)**

ਮੇਰੀਆਂ ਨਜ਼ਰਾਂ ਵਿੱਚ ਸੱਚੀ ਖੁਸ਼ਹਾਲੀ ਉਹ ਹੈ, ਜਿਸ ਵਿੱਚ ਨਾ ਥੋੜ੍ਹ ਦੀ ਚਿੰਤਾ ਹੋਵੇ, ਤੇ ਨਾ ਬਹੁਲਤਾ ਦਾ ਭਾਰ ਹੋਵੇ । ਮਨੁੱਖ ਆਪਣੀ ਚੰਗੀ ਖਿਦਮਤ ਦੁਨੀਆਂ ਨੂੰ ਦੇਵੇ ਤੇ ਉਸ ਖਿਦਮਤ ਲਈ ਲੋੜੀਂਦੇ ਸਵਾਦਾਂ, ਸਮਾਨਾਂ ਉੱਤੇ ਹੱਕ ਸਮਝੇ । ਉਹਦੇ ਕੋਲ ਥੋੜ੍ਹੀ ਜਿਹੀ ਵਿਹਲ ਵੀ ਹੋਵੇ, ਤੇ ਉਹਦੇ ਕੋਲ ਉਹ ਸਾਰੇ ਸਮਾਨ ਹੋਣ ਜਿਨਾਂ ਨਾਲ ਆਪਣੀ ਆਤਮਾ ਦੇ ਅੰਦਰਲੇ ਦ੍ਰਿਸ਼ ਨੂੰ ਬਾਹਰ ਨਿਰਪਣ ਕੀਤਾ ਜਾ ਸਕੇ । ਜੱਦ ਤੱਕ ਏਨੀ 'ਕੁ ਖੁਸ਼ਹਾਲੀ ਮਨੁੱਖ ਕੋਲ ਨਹੀਂ ਹੁੰਦੀ, ਉਦੋਂ ਤੱਕ ਉਹ ਕਦੇ ਆਪਣੀ ਅਤਿ ਚੰਗੀ ਖਿਦਮਤ ਦੁਨੀਆਂ ਨੂੰ ਨਹੀਂ ਦੇ ਸਕਦਾ । ਨਾ ਧਨ ਜੋੜਨ ਵਿੱਚ ਖੁਸ਼ਹਾਲੀ ਹੈ, ਨਾ ਤਿਆਗ ਤੇ ਦਲਿੱਦਰ ਵਿੱਚ । ਸੱਚੀ ਖੁਸ਼ਹਾਲੀ ਇਹ ਹੈ ਕਿ ਸਿਹਤ ਚੰਗੀ ਹੋਵੇ, ਅਕਲ ਵਿੱਚ ਰੋਜ਼ਾਨਾ ਵਾਧਾ ਹੋਵੇ; ਘਰ ਸੁਹਣਾ, ਸਾਫ਼ ਤੇ ਨਾ ਲੋੜ ਨਾਲੋਂ ਛੋਟਾ ਤੇ ਨਾ ਲੋੜ ਨਾਲੋਂ ਵੱਡਾ ਹੋਵੇ; ਚੰਗਾ ਸਾਥ ਹੋਵੇ, ਭਾਵੇਂ ਇਹ ਸਾਥ ਪਤਨੀ ਦਾ ਹੋਵੇ ਤੇ ਭਾਵੇਂ ਕੋਈ ਹੋਰ। ਜੇ ਬੱਚੇ ਹੋਣ ਤਾਂ ਸਾਫ਼ ਕਪੜਿਆਂ ਵਿੱਚ ਹੱਸਦੇ ਖੇਡਦੇ ਹੋਣ । ਕਰਨ ਲਈ ਕੰਮ ਹੋਵੇ, ਏਸ ਕੰਮ ਵਿੱਚ ਚਿੱਤ ਲੱਗਦਾ ਹੋਵੇ, ਇਹ ਕੰਮ ਦੁਨੀਆ ਦਾ ਕੁਝ ਸੁਆਰਦਾ ਹੋਵੇ, ਦੁਨੀਆ ਦਾ ਸੁੱਖ ਵਧਾਉਂਦਾ ਹੋਵੇ ਜਾਂ ਗਿਆਨ ਵਿੱਚ ਵਾਧਾ ਕਰਦਾ ਹੋਵੇ । ਮੁਹਤਾਜੀ ਦੀ ਚਿੰਤਾ ਨਾ ਹੋਵੇ, ਗੁਆਂਢੀ ਵੀ ਖੁਸ਼ਹਾਲ ਹੋਣ, ਆਲੇ-ਦੁਆਲੇ ਖੇੜਾ ਹੋਵੇ, ਤੇ ਏਸ ਖੇੜੇ (ਖੁਸ਼ੀ) ਵਿੱਚ ਅਸਾਂ ਵੀ ਹਿੱਸਾ ਪਾਇਆ ਹੋਵੇ ।

## ਪ੍ਰਭਾਵਸ਼ਾਲੀ ਲਿਖਣ-ਕੌਸ਼ਲ

2. ਤੁਸੀ ਉੱਚ ਸਿੱਖਿਆ ਪ੍ਰਾਪਤ ਹੋ, ਆਪਣੀ ਵਿਦਿਅਕ ਯੋਗਤਾ ਅਤੇ ਸਮਰੱਥਾ ਬਾਰੇ ਦਸਦਿਆਂ ਕਿਸੇ ਬੈਂਕ ਤੋਂ ਸ੍ਵੈ ਰੁਜਗਾਰ ਆਰੰਭ ਕਰਨ ਲਈ ਕਰਜ਼ਾ ਮੰਜੂਰ ਕਰਾਉਣ ਬਾਰੇ ਬੈਂਕ ਪ੍ਰਬੰਧਕ ਨੂੰ ਪੱਤਰ ਲਿਖੋ । **8**

**ਜਾਂ (Or)**

ਦੁਪਹੀਆ ਵਾਹਨਾਂ ਦੀ ਮੰਗ ਨੂੰ ਧਿਆਨ 'ਚ ਰਖਦਿਆਂ ਆਟੋਮੋਬਾਈਲ ਕੰਪਨੀ, ਸੋਨੀਪਤ, ਹਰਿਆਣਾ ਤੋਂ ਏਜੰਸੀ ਲੈਣ ਲਈ ਆਪਣੀ ਵਿਦਿਅਕ ਯੋਗਤਾ ਅਤੇ ਸਮਰੱਥਾ ਦਸਦਿਆਂ ਪੱਤਰ ਲਿਖੋ ।

3. ਕਿਸੇ **ਇੱਕ** (any **one**) ਵਿਸ਼ੇ ਤੇ **125-150** ਸ਼ਬਦਾਂ ਵਿੱਚ ਪੈਰਾ ਰਚਨਾ ਕਰੋ । **10**

ਆਜ਼ਾਦੀ ਦਾ ਅੰਮ੍ਰਿਤ ਮਹਾਉਤਸਵ

**ਜਾਂ (Or)**

ਇਸਤਰੀ ਅਤੇ ਉਚੇਰੀ ਵਿੱਦਿਆ

**ਵਿਹਾਰਕ ਵਿਆਕਰਨ**

**ਵਾਕ —ਵਟਾਂਦਰਾ**

4. ਹੇਠ ਲਿਖੇ ਵਾਕਾਂ ਵਿਚੋਂ ਕਿਸੇ **ਚਾਰ** (any **four**) ਵਾਕਾਂ ਦਾ ਬ੍ਰੈਕਟ ਵਿਚ ਦਿੱਤੇ ਨਿਰਦੇਸ਼ ਅਨੁਸਾਰ ਵਾਕ ਵਟਾਂਦਰਾ ਕਰੋ । **4 × 1 = 4**

(i) ਮੋਬਾਈਲ ਫੋਨ ਨੀਨਾ ਦੁਆਰਾ ਵਰਤਿਆ ਗਿਆ (ਕਰਤਰੀ ਵਾਚ)

(ii) ਜਤਿੰਦਰ ਨੇ ਸ਼ਰਬਤ ਪੀਤਾ । (ਕਰਮਣੀ ਵਾਚ)

(iii) ਸਭ ਨਾਲ ਚੰਗਾ ਬੋਲੋ । (ਨਾਂਹ ਵਾਚਕ)

(iv) ਇਮਾਨਦਾਰ ਆਦਮੀ ਸਦਾ ਪ੍ਰਸੰਸਾ ਪ੍ਰਾਪਤ ਕਰਦਾ ਹੈ । (ਮਿਸ਼ਰਿਤ ਵਾਕ)

(v) ਮੇਰੀ ਇੱਛਾ ਹੈ ਕਿ ਮੈਂ ਪ੍ਰਸਿੱਧ ਹੋਵਾਂ । (ਵਿਸਮੈਵਾਚਕ)

5. **ਅਖਾਣ / ਅਖਾਉਤਾਂ** **5 × 2 = 10**

ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ **ਪੰਜ** (any **five**) ਅਖਾਣਾਂ ਨੂੰ ਇਸ ਤਰ੍ਹਾਂ ਵਰਤੋ ਕਿ ਉਨ੍ਹਾਂ ਦੀ ਸਥਿਤੀ ਸਪਸ਼ਟ ਹੋ ਜਾਵੇ ।

(i) ਇਕ ਦਰ ਬੰਦ ਸੌ ਦਰ ਖੁੱਲ੍ਹਾ

(ii) ਆਪਣਾ ਮਾਰੇਗਾ ਤੇ ਛਾਵੇਂ ਹੀ ਸੁੱਟੇਗਾ

(iii) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ

(iv) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ

(v) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(vi) ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ ।

6. **ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ)** **3 + 5 = 8**

**ਕਵਿਤਾਵਾਂ ਵਿੱਚੋਂ –**

ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇਕ** (any **one**) ਦੀ ਪ੍ਰਸੰਗ ਸਹਿਤ ਵਿਆਖਿਆ ਕਰੋ ।

ਛੇਤੀ-ਛੇਤੀ ਕਰੀਂ,
ਮੈਂ ਤਾਂ ਜਾਣਾ ਬੜੀ ਦੂਰ ਨੀਂ;
ਜਿਥੇ ਮੇਰੇ ਹਾਣੀਆਂ ਦਾ,
ਟੁਰ ਗਿਆ ਪੂਰ ਨੀਂ ।
ਉਸ ਪਿੰਡ ਦਾ ਸੁਣੀਂਦੈ ਰਾਹ ਮਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ,
ਭੱਠੀ ਵਾਲੀਏ !

**ਜਾਂ (Or)**

ਤੱਕ-ਤੱਕ ਕਸਬ ਹੁਨਰ ਮੁਗ਼ਲਾਂ ਦਾ,
ਹੈਰਤ ਵਧਦੀ ਜਾਵੇ,
ਸ਼ਾਹ ਜਹਾਨ ਦੇ ਸੁਹਜ ਸਵਾਦ ਨੂੰ,
ਲੂੰ-ਲੂੰ ਪਿਆ ਸਲਾਹਵੇ ।
ਏਨੇ ਨੂੰ ਗੁੰਬਦ ਦਾ ਆਂਡਾ,
ਟੋਟੇ-ਟੋਟੇ ਹੋਇਆ ।
ਚੀਕਾਂ, ਕੂਕਾਂ ਤੇ ਫਰਿਆਦਾਂ,
ਜਾ ਅੰਬਰ ਨੂੰ ਛੋਹਿਆ ।

7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ – **4 × 1 = 4**

(i) 'ਕਸਬ' ਸ਼ਬਦ ਦਾ ਕੀ ਅਰਥ ਹੈ ?

(A) ਮਿਹਨਤ (B) ਕਾਰੀਗਰੀ

(C) ਮੁਫਤ ਵਿਚ ਕੰਮ (D) ਸੁੰਦਰਤਾ

(ii) 'ਲਹੂ' ਕਿਸ 'ਤੇ ਲਗਿਆ ਹੋਇਆ ਸੀ ?

(A) ਕਿਰਪਾਨ 'ਤੇ (B) ਕਾਠੀ 'ਤੇ

(C) ਫੁੱਲਾਂ 'ਤੇ (D) ਕਲਗੀ 'ਤੇ

(iii) ਲੁੱਡਣ ਨੇ ਕੀ ਰੋੜ੍ਹ ਦਿਤਾ ਸੀ ?

(A) ਬੇੜੀਆਂ (B) ਪਾਣੀ

(C) ਦੁੱਧ (D) ਲੱਸੀ

(iv) 'ਮੁਸ਼ੱਕਤ' ਸ਼ਬਦ ਦਾ ਕੀ ਅਰਥ ਹੈ ?

(A) ਮੁਸ਼ਕਲ (B) ਕੋਸ਼ਿਸ਼

(C) ਮਿਹਨਤ (D) ਹਮਲਾ

8. **ਕਹਾਣੀਆਂ ਵਿੱਚੋਂ :**

'ਸਾਂਝ' ਕਹਾਣੀ ਦੇ ਉਦੇਸ਼ ਤੇ ਚਰਚਾ ਕਰੋ । (ਸ਼ਬਦ ਸੀਮਾ **125-150**) **6**

**ਜਾਂ (Or)**

'ਨੀਲੀ' ਕਹਾਣੀ ਵਿੱਚ ਪਸ਼ੂਆਂ ਦੇ ਮਨੋਭਾਵਾਂ ਨੂੰ ਕਿਵੇਂ ਪੇਸ਼ ਕੀਤਾ ਹੈ ? **125-150** ਸ਼ਬਦਾਂ ਵਿੱਚ ਵਿਚਾਰ ਪੇਸ਼ ਕਰੋ ।

9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉਤਰ ਚੁਣਕੇ ਲਿਖੋ । **4 × 1 = 4**

(i) ਮਾਈ ਦੀ ਸੁੱਥਣ ਨੂੰ ਕਿਹੋ ਜਿਹੀਆਂ ਟਾਕੀਆਂ ਲਗੀਆਂ ਹੋਈਆਂ ਸਨ ?

(A) ਗੋਲ (B) ਤਿਕੋਨੀਆਂ

(C) ਕਢਾਈ ਵਾਲੀਆਂ (D) ਰੰਗ ਬਿਰੰਗੀਆਂ

(ii) 'ਮਾੜਾ ਬੰਦਾ' ਕਹਾਣੀ ਵਿਚਲਾ ਲੇਖਕ ਪਾਤਰ ਕੀ ਲਿਖ ਕੇ ਪੂਰਾ ਕਰਨ ਦਾ ਜਤਨ ਕਰਦਾ ਹੈ ?

(A) ਚਿੱਠੀ (B) ਕਹਾਣੀ

(C) ਗੀਤ (D) ਸ਼ਿਕਾਇਤ ਪੱਤਰ

(iii) ਇਤਿਹਾਸਕ ਗੁਰਦੁਆਰੇ ਕੋਲ ਸਵਾਰੀਆਂ ਕਿਸ ਦਾ ਇੰਤਜ਼ਾਰ ਕਰ ਰਹੀਆਂ ਸਨ ?

(A) ਟਾਂਗੇ ਦਾ (B) ਸਕੂਟਰ ਦਾ

(C) ਬਸ ਦਾ (D) ਰਿਕਸ਼ੇ ਦਾ

(iv) 'ਜੀਤੋ' ਕਿਹੜੀ ਕਹਾਣੀ ਦੀ ਪਾਤਰ ਹੈ ?

(A) ਘਰ ਜਾਹ ਆਪਣੇ (B) ਨੀਲੀ

(C) ਸਾਂਝ (D) ਮਾੜਾ ਬੰਦਾ

10. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ **ਤਿੰਨ** (any **three**) ਪ੍ਰਸ਼ਨਾਂ ਦੇ ਉੱਤਰ **25-30** ਸ਼ਬਦਾਂ ਵਿੱਚ ਲਿਖੋ : **3 × 2 = 6**

(i) 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਬਾਰੇ ਜ਼ਿਕਰ ਹੈ ?

(ii) ਗਵਾਲੇ ਵਲੋਂ ਮਸਾਲੇ ਦੀ ਟੋਕਰੀ ਚੁੱਕ ਲਿਜਾਣ ਬਾਅਦ ਨੀਲੀ ਦੀ ਮਾਨਸਕ ਹਾਲਤ ਨੂੰ ਲੇਖਕ ਨੇ ਕਿਵੇਂ ਬਿਆਨ ਕੀਤਾ ਹੈ ?

(iii) ਜੀਤੋ ਦੇ ਵਿਆਹ ਬਾਅਦ ਉਸਦੇ ਵੀਰ ਦੀ ਮਨੋਦਸ਼ਾ ਕਿਹੋ ਜਿਹੀ ਹੋ ਗਈ ?

(iv) ਰਿਕਸ਼ੇ ਵਾਲੇ ਨਾਲ ਲੇਖਕ ਦੀ ਪਤਨੀ ਦੇ ਝਗੜੇ ਦਾ ਕਾਰਨ ਕੀ ਸੀ ?

11. **ਪੰਜਾਬੀ-ਸਭਿਆਚਾਰ ਦੀ ਜਾਣ-ਪਛਾਣ** **4 × 1 = 4**

ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ :

(i) ਮੁਕਤਸਰ ਦਾ ਮੇਲਾ ਕਦੋਂ ਲਗਦਾ ਹੈ ?

(A) ਮਾਘੀ ਦੇ ਦਿਨ (B) ਚੇਤਰ ਦੇ ਮਹੀਨੇ

(C) ਸਾਵਨ ਦੇ ਮਹੀਨੇ (D) ਫੱਗਣ ਦੇ ਮਹੀਨੇ

(ii) ਵਿਆਹ ਵਿੱਚ ਨਾਨਕੀ ਛੱਕ ਕੌਣ ਲੈਕੇ ਆਂਦੇ ਹਨ ?

(A) ਦਾਦਕੇ (B) ਨਾਨਕੇ

(C) ਸਹੁਰੇ (D) ਦੋਸਤ-ਮਿੱਤਰ

(iii) ਪੰਜਾਬ ਦੀ ਰਾਜ ਪੱਧਰੀ ਖੇਡ ਕਿਹੜੀ ਹੈ ?

(A) ਕਬੱਡੀ (B) ਕੁਸ਼ਤੀ

(C) ਹਾਕੀ (D) ਖਿੱਦੋ ਖੂੰਡੀ

(iv) ਪ੍ਰਸਿੱਧ ਨਾਚ ਝੂੰਮਰ ਪੰਜਾਬ ਦੇ ਕਿਸ ਇਲਾਕੇ ਦਾ ਲੋਕ-ਨਾਚ ਹੈ ?

(A) ਅੰਮ੍ਰਿਤਸਰ (B) ਮਾਲਵਾ

(C) ਨਾਭਾ (D) ਸਾਂਦਲਬਾਰ

12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** (any **two**) ਪ੍ਰਸ਼ਨਾਂ ਦੇ ਉੱਤਰ **70-80** ਸ਼ਬਦਾਂ ਵਿੱਚ ਲਿਖੋ : **2 × 4 = 8**

(i) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ ਹਨ ? ਕਿਸੇ ਇਕ ਮੇਲੇ ਦਾ ਵੇਰਵਾ ਦਿਉ ।

(ii) ਮਨੁੱਖੀ ਜੀਵਨ ਵਿੱਚ ਰਸਮ ਰਿਵਾਜ਼ਾਂ ਦੇ ਮਹੱਤਵ ਬਾਰੇ ਲਿਖੋ ।

(iii) ਜੀਵਨ ਦੇ ਵਿਕਾਸ ਵਿੱਚ ਲੋਕ ਖੇਡਾਂ ਦੀ ਕੀ ਭੂਮਿਕਾ ਹੈ ?